ਖੰਨਾ
ਅਜੀਤ ਜਲੰਧਰ
ਅਜੀਤ
ਸੋਮਵਾਰ, 20 ਅਕਤੂਬਰ 2025

ਸਤਲੁਜ ਦਰਿਆ ਅੰਦਰ ਬੈਰਸਾਲ, ਹਾਦੀਵਾਲ ਪਾਸੇ ਲੱਗੇ ਰੇਤੇ ਦੇ ਢੇਰ ਤੇ ਮਸ਼ੀਨਾਂ ਦੀਆਂ ਫੋਟੋਆਂ ਅਤੇ ਰੇਤੇ ਨਾਲ ਭਰੇ ਵਾਹਨ। ਤਸਵੀਰਾਂ : ਮਨੋਜ ਕੁਮਾਰ

ਰੇਤ ਮਾਫ਼ੀਆ ਫਿਰ ਹੋਇਆ ਸਰਗਰਮ

• ਦਿਨ-ਦਿਹਾੜੇ ਰੇਤੇ ਨਾਲ ਭਰੀਆਂ ਟਰਾਲੀਆਂ ਤੇ ਟਿੱਪਰਾਂ ਦੀ ਆਵਾਜਾਈ ਜਾਰੀ • ਪ੍ਰਸ਼ਾਸਨ ਦੀ ਚੁੱਪ ਪਹਿਲਾਂ ਵਾਂਗ ਬਰਕਰਾਰ

ਮਾਛੀਵਾੜਾ ਸਾਹਿਬ, 19 ਅਕਤੂਬਰ (ਮਨੋਜ ਕੁਮਾਰ)-ਅਜੇ ਪੰਜਾਬ 'ਚ ਹੜ੍ਹਾਂ ਦੇ ਜ਼ਖ਼ਮ ਪੂਰੀ ਤਰ੍ਹਾਂ ਸੁੱਕੇ ਵੀ ਨਹੀਂ ਕਿ ਦਰਿਆ ਕਿਨਾਰਿਆਂ ਨੂੰ ਰੇਤ ਮਾਫ਼ੀਆ ਨੇ ਫਿਰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਮਾਛੀਵਾੜਾ ਦੇ ਆਸ ਪਾਸ ਪਿੰਡਾਂ ਦੇ ਲੋਕ ਭਲੀ ਭਾਂਤੀ ਜਾਣਦੇ ਹਨ ਕਿ ਕਿਸ ਤਰ੍ਹਾਂ ਸਤਲੁਜ ਦਰਿਆ ਕਿਨਾਰੇ ਡੂੰਘੇ ਪਾੜ ਪਏ ਤੇ ਇਸ ਪਾੜ ਨੂੰ ਭਰਨ ਲਈ ਕਿੰਨਾ ਜੱਦੋਜਹਿਦ ਹੋਇਆ। ਪਰ ਅੱਜ ਫਿਰ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਰੇਤ ਮਾਫ਼ੀਆ ਸਤਲੁਜ ਦਰਿਆ ਦੇ ਇੱਕ ਹਿੱਸੇ 'ਚ ਚਿੱਟੇ ਰੇਤੇ ਦੇ ਬੇਹੱਦ ਕਾਲੇ ਕਾਰਨਾਮੇ ਨੂੰ ਬਿਨਾਂ ਕਿਸੇ ਡਰ ਤੋਂ ਅੰਜਾਮ ਦੇ ਰਿਹਾ ਹੈ। ਕੁੱਝ ਪੱਤਰਕਾਰਾਂ ਨੇ ਜਦੋਂ ਸਤਲੁਜ ਪੁਲ ਦੇ ਰਾਹੋਂ ਵਾਲੇ ਪਾਸੇ ਕੱਚੇ ਰਾਹਾਂ ਦੇ ਕਈ ਕਿੱਲੋਮੀਟਰ ਦੀ ਮਿੱਟੀ ਫੱਕਣ ਤੋਂ ਬਾਅਦ ਮੌਕਾ ਦੇਖਿਆ ਤਾਂ ਦਰਿਆ ਦਾ ਇਹ ਹਿੱਸਾ ਬੈਰਸਾਲ ਤੇ ਹਾਦੀਵਾਲ ਪਿੰਡ ਦੇ ਸਾਹਮਣੇ ਆਇਆ। ਜਿੱਥੇ ਰੇਤੇ ਦੇ ਕਈ ਵੱਡੇ ਵੱਡੇ ਢੇਰ ਲੱਗੇ ਹੋਏ ਸਨ ਤੇ ਉੱਥੇ ਸਾਈਡ 'ਤੇ ਪੋਕ ਲੇਨ ਮਸ਼ੀਨਾਂ ਦੀ ਮੌਜੂਦਗੀ ਰੇਤੇ ਦੇ ਇਸ ਨਾਜਾਇਜ਼ ਧੰਦੇ ਨੂੰ ਹੋਰ ਪੱਕਾ ਕਰ ਰਹੀ ਸੀ। ਅਸਲ ਵਿਚ ਇਹ ਸਾਰੀ ਕਾਰਵਾਈ ਸਵੇਰੇ ਤੜਕਸਾਰ ਮਾਫ਼ੀਆ ਦੇ ਲੋਕ ਮਸ਼ੀਨਾਂ ਨਾਲ ਰੇਤ ਦੇ ਵੱਡੇ ਵੱਡੇ ਢੇਰ ਲਗਾ ਦਿੰਦੇ ਹਨ ਤੇ ਰਾਤ ਹੁੰਦਿਆਂ ਹੀ ਰੇਤ ਭਰਨ ਦਾ ਸਿਲਸਿਲਾ ਸ਼ੁਰੂ ਹ�ो ਜਾਂਦਾ ਹੈ। ਫਿਰ ਬੇਪ੍ਰਵਾਹ ਟਰਾਲੀਆਂ ਤੇ ਟਿੱਪਰਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ ਤੇ ਇਹ ਰੇਤੇ ਨਾਲ ਭਰੇ ਵਾਹਨ ਇਸੇ ਪੁਲ ਤੋਂ ਲੰਘ ਕੇ ਆਪਣੀ ਆਪਣੀ ਮੰਜ਼ਿਲ 'ਤੇ ਪਹੁੰਚਦੇ ਹਨ। ਇਨ੍ਹਾਂ 'ਚੋਂ ਬਹੁਤਿਆਂ ਦਾ ਲਾਂਘਾ ਮਾਛੀਵਾੜਾ 'ਚੋਂ ਹੋ ਕੇ ਜਾਂਦਾ ਤੇ ਕਈ ਵਾਰ ਤਾਂ ਇਨ੍ਹਾਂ ਟਰਾਲੀਆਂ ਤੇ ਟਿੱਪਰਾਂ ਦੀ ਲਾਈਨ ਹੀ ਨਹੀਂ ਟੁੱਟਦੀ। ਹਾਲਾਂਕਿ ਸਰਕਾਰ ਦੇ ਆਦੇਸ਼ਾਂ ਵਿਚ ਸਤਲੁਜ ਦਰਿਆ ਤਾਂ ਕੀ, ਦੂਰ ਦੂਰ ਤੱਕ ਕਾਨੂੰਨੀ ਤੌਰ 'ਤੇ ਰੇਤੇ ਦੀ ਕੋਈ ਵੀ ਖੱਡ ਚਲਾਉਣ ਦੀ ਸਰਕਾਰੀ ਆਗਿਆ ਨਹੀਂ। ਹੁਣ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਮਾਮਲੇ ਪ੍ਰਤੀ ਗੰਭੀਰ ਹੋ ਕੇ ਠੋਸ ਕਾਰਵਾਈ ਕਰੇ। ਜਦੋਂ ਇਸ ਸੰਬੰਧੀ ਨਵਾਂ ਸ਼ਹਿਰ ਦੇ ਡੀ. ਐੱਸ. ਪੀ. ਰਾਜ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੀ ਗੱਲਬਾਤ ਵਿਚ ਕੁੱਝ ਖ਼ਾਸ ਨਜ਼ਰ ਨਹੀਂ ਆਇਆ ਤੇ ਉਨ੍ਹਾਂ ਇਹੀ ਕਿਹਾ ਕਿ ਇਸ ਰੇਤ ਦੀ ਖੱਡ ਬਾਰੇ ਨਹੀਂ ਪਤਾ। ਜੇਕਰ ਕੋਈ ਦਰਿਆ ਵਿਚ ਨਜਾਇਜ਼ ਮਾਈਨਿੰਗ ਕਰਦਾ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਵਾਂ ਸ਼ਹਿਰ ਦੇ ਐੱਸ. ਡੀ. ਓ. ਸਾਹਿਲ ਪਠਾਨੀਆ ਨਾਲ ਗੱਲਬਾਤ ਕੀਤੀ ਤਾਂ ਉਹ ਵੀ ਸਤਲੁਜ ਦਰਿਆ ਵਿਚ ਹੋ ਰਹੀ ਨਜਾਇਜ਼ ਮਾਈਨਿੰਗ ਤੋਂ ਅਣਜਾਣ ਨਜ਼ਰ ਆਏ ਅਤੇ ਜ਼ਾਂਚ ਕਰਵਾਉਣ ਦੀ ਗੱਲ ਕਹੀ। ਜਦੋਂ ਇਸ ਸੰਬੰਧੀ ਕੁੰਮਕਲਾਂ ਦੇ ਐੱਸ. ਐੱਚ. ਓ. ਅੰਮ੍ਰਿਤਪਾਲ ਸਿੰਘ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਮੈਨੂੰ ਪਹਿਲਾਂ ਵੀ ਇਸ ਸੰਬੰਧੀ ਸੂਚਨਾ ਮਿਲੀ ਸੀ ਤੇ ਮੈਂ ਪਹਿਲਾਂ ਵੀ ਇੱਕ ਦੋ ਵਾਰ ਸਤਲੁਜ ਕੰਢੇ ਆਪਣੀ ਟੀਮ ਨਾਲ ਚੈੱਕ ਕਰਨ ਪਹੁੰਚਿਆ। ਪਰ ਮੈਨੂੰ ਇਸ ਤਰ੍ਹਾਂ ਕੁੱਝ ਨਜ਼ਰ ਹੀ ਨਹੀਂ ਆਇਆ।

ਕੀ ਕਹਿਣਾ ਹੈ ਡੀ. ਐੱਸ. ਪੀ. ਸਮਰਾਲਾ ਦਾ

ਇਸ ਸਾਰੇ ਮਾਮਲੇ 'ਤੇ ਜਦੋਂ ਡੀ. ਐੱਸ. ਪੀ. ਸਮਰਾਲਾ ਤਰਲੋਚਨ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਜਿਹੇ ਕਿਸੇ ਵੀ ਮਾਫ਼ੀਆ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜੇਕਰ ਉਨ੍ਹਾਂ ਦੀ ਹੱਦ ਬੰਦੀ ਵਿਚ ਕੋਈ ਨਾਜਾਇਜ਼ ਰੇਤਾ ਨਿਕਲਦਾ ਜਾਂ ਗੁਜ਼ਰਦਾ ਹੈ ਤਾਂ ਜਲਦ ਹੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਬੁਟਾਹਰੀ ਵਾਸੀਆਂ ਵਲੋਂ ਸਟੇਟ ਐਵਾਰਡੀ ਮੁੱਖ ਅਧਿਆਪਕ ਜਸਵਿੰਦਰ ਸਿੰਘ ਦਾ ਸਨਮਾਨ

ਪਿੰਡ ਬੁਟਾਹਰੀ ਵਿਖੇ ਸਟੇਟ ਐਵਾਰਡੀ ਮੁੱਖ ਅਧਿਆਪਕ ਜਸਵਿੰਦਰ ਸਿੰਘ ਦੇ ਸਨਮਾਨ ਸਮੇਂ ਸਰਪੰਚ ਰੁਪਿੰਦਰ ਕੌਰ ਗਰੇਵਾਲ, ਹਰਨੇਕ ਸਿੰਘ ਭੱਪ ਤੇ ਹੋਰ। ਤਸਵੀਰ : ਅੰਮ੍ਰਿਤਪਾਲ ਸਿੰਘ ਕੈਲੇ

ਡੇਹਲੋਂ, 19 ਅਕਤੂਬਰ (ਅੰਮ੍ਰਿਤਪਾਲ ਸਿੰਘ ਕੈਲੇ)-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬੁਟਾਹਰੀ ਦੇ ਮੁੱਖ ਅਧਿਆਪਕ ਜਸਵਿੰਦਰ ਸਿੰਘ ਨੂੰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਵਲੋਂ ਪੰਜਾਬ ਰਾਜ ਅਧਿਆਪਕ ਪੁਰਸਕਾਰ 2025 ਮਿਲਣ ਬਾਅਦ ਬੁਟਾਹਰੀ ਵਾਸੀਆਂ ਨੇ ਮੁੱਖ ਅਧਿਆਪਕ ਜਸਵਿੰਦਰ ਸਿੰਘ ਦਾ ਪਿੰਡ ਪੁੱਜਣ 'ਤੇ ਨਿੱਘਾ ਸਵਾਗਤ ਕਰਦਿਆਂ ਵਿਸ਼ੇਸ਼ ਸਨਮਾਨ ਦਿੱਤਾ। ਗ੍ਰਾਮ ਪੰਚਾਇਤ ਦੀ ਅਗਵਾਈ ਹੇਠ ਹੋਏ ਸਮਾਗਮ ਦੌਰਾਨ ਸਟੇਟ ਐਵਾਰਡ ਪ੍ਰਾਪਤ ਮੁੱਖ ਅਧਿਆਪਕ ਜਸਵਿੰਦਰ ਸਿੰਘ ਨੂੰ ਹਾਰਾਂ ਨਾਲ ਲੱਦ ਕੇ ਅਤੇ ਢੋਲ ਦੇ ਡਗੇ ਹੇਠ ਪੰਚਾਇਤ ਅਤੇ ਨਗਰ ਨਿਵਾਸੀਆਂ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਤੱਕ ਲਿਆਂਦਾ ਗਿਆ, ਜਿੱਥੇ ਸਕੂਲ ਸਟਾਫ਼ ਅਤੇ ਬੱਚਿਆਂ ਨੇ ਗੁਲਦਸਤੇ ਭੇਟ ਕਰ ਕੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਪਿੰਡ ਬੁਟਾਹਰੀ ਦੀ ਸਰਪੰਚ ਰੁਪਿੰਦਰ ਕੌਰ ਗਰੇਵਾਲ ਅਤੇ ਸਮੂਹ ਗ੍ਰਾਮ ਪੰਚਾਇਤ ਦੀ ਅਗਵਾਈ ਹੇਠ ਕਰਵਾਏ ਸਨਮਾਨ ਸਮਾਗਮ ਦੌਰਾਨ ਪਰਮਜੀਤ ਸਿੰਘ ਗਰੇਵਾਲ, ਨਾਮਵਰ ਕਵੀਸ਼ਰ ਭਾਈ ਮਨਜੀਤ ਸਿੰਘ ਬੁਟਾਹਰੀ, ਉੱਘੇ ਸਮਾਜ ਸੇਵੀ ਹਰਨੇਕ ਸਿੰਘ ਭੱਪ ਨੇ ਕਿਹਾ ਕਿ ਦਹਾਕਿਆਂ 'ਚ ਪਹਿਲੀ ਵਾਰੀ ਪਿੰਡ ਬੁਟਾਹਰੀ ਦੇ ਸਰਕਾਰੀ ਸਕੂਲ ਦੇ ਅਧਿਆਪਕ ਨੂੰ ਇਹ ਐਵਾਰਡ ਮਿਲਣਾ ਸਮੂਹ ਨਗਰ ਲਈ ਮਾਣ ਵਾਲੀ ਗੱਲ ਹੈ। ਇਸ ਸਮੇਂ ਮੁੱਖ ਅਧਿਆਪਕ ਜਸਵਿੰਦਰ ਸਿੰਘ ਨੇ ਕਿਹਾ ਕਿ ਜੋ ਸਨਮਾਨ ਪਿੰਡ ਵਾਸੀਆਂ ਵਲੋਂ ਉਨ੍ਹਾਂ ਨੂੰ ਦਿੱਤਾ ਗਿਆ ਹੈ, ਉਹ ਪਹਿਲਾਂ ਮਿਲੇ ਰਾਜ ਪੱਧਰੀ ਸਨਮਾਨ ਤੋਂ ਕਿਸੇ ਵੀ ਪੱਖ ਤੋਂ ਘੱਟ ਨਹੀਂ ਹੈ। ਇਸ ਸਮੇਂ ਸਟੇਜ ਸੰਚਾਲਨ ਦੀ ਭੂਮਿਕਾ ਰਾਜ ਸਿੰਘ ਜਗੇੜਾ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸਕੂਲ ਸਟਾਫ਼ ਮਨਜੀਤ ਕੌਰ, ਗੁਰਸੰਟ ਸਿੰਘ, ਦਵਿੰਦਰ ਸਿੰਘ, ਬਲਜੀਤ ਕੌਰ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪਰਮਿੰਦਰ ਸਿੰਘ, ਪੰਚ ਰਾਜਵੀਰ ਸਿੰਘ, ਪੰਚ ਡੋਗਰ ਸਿੰਘ, ਜਸਵਿੰਦਰ ਸਿੰਘ ਬਿੰਦਰ ਕੈਲੇ, ਸੈਂਟਰ ਹੈੱਡ ਟੀਚਰ ਮਨਿੰਦਰਪਾਲ ਕੌਰ, ਸੀਨੀਅਰ ਸੈਕੰਡਰੀ ਸਕੂਲ ਬੁਟਾਹਰੀ ਦੇ ਇੰਚਾਰਜ ਸ਼ਿਵਾਨੀ, ਲੈਕਚਰਾਰ ਸਿਕੰਦਰ ਸਿੰਘ, ਬੀ. ਆਰ. ਸੀ., ਮਨਪ੍ਰੀਤ ਸਿੰਘ ਮੀਮਸਾ, ਤੇਜਪ੍ਰੀਤ ਸਿੰਘ ਕੁਲਾੜ੍ਹ, ਜਸਵੀਰ ਸਿੰਘ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

ਡਾ. ਕਾਲੀਆ ਹਲਕਾ ਪਾਇਲ ਦੇ ਸਰਕਲ ਮਲੌਦ ਸ਼ਹਿਰੀ ਦੇ ਜਥੇਦਾਰ ਨਿਯੁਕਤ

ਮਲੌਦ, 19 ਅਕਤੂਬਰ (ਸਹਾਰਨ ਮਾਜਰਾ)-ਡਾ. ਕਰਨੈਲ ਸਿੰਘ ਕਾਲੀਆ (ਪੀ. ਐਚ. ਡੀ ਸ੍ਰੀ ਗੁਰੂ ਰਵਿਦਾਸ) ਨੂੰ ਨਵੇਂ ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਪਾਇਲ ਦਾ ਸਰਕਲ ਮਲੌਦ ਸ਼ਹਿਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਇਸ 'ਚ ਮਲੌਦ ਸ਼ਹਿਰ ਤੋਂ ਇਲਾਵਾ ਪਿੰਡ ਰੋੜੀਆਂ, ਸੋਮਲਖੇੜੀ, ਸਹਾਰਨ ਮਾਜਰਾ, ਚੌਮੋਂ, ਟਿੱਬਰਵਾਲ, ਜੋਗੀਮਾਜਰਾ, ਸੇਖਾ, ਸੋਹੀਆਂ, ਬੁਰਕੜ, ਤਿੰਨੇ ਦੌਦਾਂ, ਦੌਲਤਪੁਰ ਸਮੇਤ ਕਰੀਬ 20 ਪਿੰਡ ਰੱਖੇ ਗਏ ਹਨ। ਡਾ. ਕਾਲੀਆ ਇਸ ਤੋਂ ਪਹਿਲਾਂ ਰਾਜਨੀਤਕ, ਧਾਰਮਿਕ ਅਤੇ ਸੋਸ਼ਲ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਖ਼ਾਸ ਤੌਰ 'ਤੇ ਦਲਿਤ ਸਮਾਜ ਨਾਲ ਸੰਬੰਧਿਤ ਮੁੱਦਿਆਂ ਬਾਰੇ ਸੰਘਰਸ਼ ਦੀ ਤਰਜਮਾਨੀ ਕਰਦਿਆਂ ਉਨ੍ਹਾਂ ਦੇ ਸਾਰਥਕ ਹੱਲ ਕਰਵਾਏ। ਉਹ ਹਮੇਸ਼ਾ ਲੋੜਵੰਦਾਂ ਦੇ ਮਦਦਗਾਰ ਰਹੇ। ਆਪਣੀ ਇਸ ਨਿਯੁਕਤੀ ਬਾਰੇ ਡਾ. ਕਾਲੀਆ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਜ਼ਿੰਦਗੀ ਜਿਉਣ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਰਾਜਨੀਤਕ ਖੇਤਰ ਨੂੰ ਜ਼ਿਆਦਾ ਤਰਜੀਹ ਦਿੰਦੇ ਸਨ ਪ੍ਰੰਤੂ ਹੁਣ ਉਨ੍ਹਾਂ ਅੰਮ੍ਰਿਤ ਛਕ ਲਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਚੁੱਕੇ ਹਨ। ਇਸ ਲਈ ਹੁਣ ਧਾਰਮਿਕ ਖੇਤਰ ਨੂੰ ਵਧੇਰੇ ਤਰਜੀਹ ਦੇਣਗੇ ਅਤੇ ਗੁਰਬਾਣੀ ਬਾਰੇ ਹੋਰ ਅਧਿਐਨ ਕਰਨਗੇ। ਉਨ੍ਹਾਂ ਪਿੰਡਾਂ ਵਿਚਲੇ ਆਗੂਆਂ ਤੇ ਵਰਕਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਨਵੇਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਣ।

ਗੱਲਬਾਤ ਕਰਦੇ ਹੋਏ ਡਾਕਟਰ ਕਰਨੈਲ ਸਿੰਘ ਕਾਲੀਆ। ਤਸਵੀਰ ਸਹਾਰਨ ਮਾਜਰਾ

ਪਿੰਡ ਸਿਆੜ ਤੇ ਲਹਿਲ ਵਿਖੇ ਸੰਪਰਕ ਸੜਕਾਂ ਨੂੰ ਨਵਿਆਉਣ ਦੇ ਕੰਮਾਂ ਦਾ ਨੀਂਹ ਪੱਥਰ ਰੱਖਣ ਮੌਕੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਨਾਲ ਕਰਨ ਸਿਹੌੜਾ, ਪ੍ਰਗਟ ਸਿੰਘ ਸਿਆੜ, ਸੁਖਵਿੰਦਰ ਸਿੰਘ ਲਹਿਲ, ਜੇ. ਈ. ਹਰਵਿੰਦਰ ਸਿੰਘ ਤੇ ਹੋਰ। ਤਸਵੀਰਾਂ: ਕੁਲਵਿੰਦਰ ਸਿੰਘ ਨਿਜ਼ਾਮਪੁਰ

ਹਲਕਾ ਪਾਇਲ ਦੀ ਕੋਈ ਵੀ ਸੜਕ ਨਵੀਂ ਦਿੱਖ ਤੋਂ ਅਧੂਰੀ ਨਹੀਂ ਰਹੇਗੀ-ਗਿਆਸਪੁਰਾ

ਮਲੌਦ, 19 ਅਕਤੂਬਰ (ਕੁਲਵਿੰਦਰ ਸਿੰਘ ਨਿਜ਼ਾਮਪੁਰ)- ਪੰਜਾਬ ਸਰਕਾਰ ਦੁਆਰਾ ਵਿਕਾਸ-ਕਾਰਜਾਂ ਦੀ ਲੜੀ ਤਹਿਤ ਵਿਧਾਨ ਸਭਾ ਹਲਕਾ ਪਾਇਲ ਦੀਆਂ ਸੜਕਾਂ ਨੂੰ ਨਵੀਂ ਦਿੱਖ ਦੇਣ ਤੋਂ ਅਧੂਰਾ ਨਹੀਂ ਛੱਡਿਆ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਪਾਇਲ ਦੇ ਵਿਧਾਇਕ ਇੰਜ: ਮਨਵਿੰਦਰ ਸਿੰਘ ਗਿਆਸਪੁਰਾ ਨੇ ਲਿੰਕ ਸੜਕ ਸਿਆੜ ਸਮਾਧ ਤੋਂ ਮਿਸਿੰਗ ਪੋਰਸ਼ਨ ਤੋਂ ਪੋਹੀੜ੍ਹ, ਸਿਆੜ ਤੋਂ ਪੰਧੇਰ ਖੇੜੀ ਰੋਡ, ਧੌਲ ਖੁਰਦ ਤੋਂ ਗੋਸਲਾਂ ਤੇ ਲਹਿਲ ਤੋਂ ਕਰਤਾਰਪੁਰ ਸੰਪਰਕ ਸੜਕਾਂ ਦੇ ਨੀਂਹ ਪੱਥਰ ਰੱਖਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਧੰਨਵਾਦੀ ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਦੇ ਜਿਨ੍ਹਾਂ ਹਲਕਾ ਪਾਇਲ ਦੀਆਂ ਸੜਕਾਂ ਦਾ ਮੂੰਹ ਮੱਥਾ ਸੰਵਾਰਨ ਲਈ ਦਿਲ ਖੋਲ੍ਹ ਕੇ ਕਾਰਜ ਸ਼ੁਰੂ ਕਰਵਾਏ ਹਨ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਮਲੌਦ ਕਰਨ ਸਿਹੌੜਾ, ਪ੍ਰਗਟ ਸਿੰਘ ਸਿਆੜ, ਸੁਖਵਿੰਦਰ ਸਿੰਘ ਲਹਿਲ, ਜੇ. ਈ. ਹਰਵਿੰਦਰ ਸਿੰਘ, ਰੋਡ ਇੰਸਪੈਕਟਰ ਜਗਦੀਪ ਸਿੰਘ, ਠੇਕੇਦਾਰ ਅਵਤਾਰ ਸਿੰਘ ਸਿਆੜ, ਸਿੰਗਾਰਾ ਸਿੰਘ, ਹਰਵਿੰਦਰ ਸਿੰਘ, ਹਰਪਾਲ ਸਿੰਘ ਜੈਲਦਾਰ, ਫ਼ੌਜੀ ਅਮਨਦੀਪ ਸਿੰਘ, ਗੁਰਮੇਲ ਸਿੰਘ, ਉਜਾਗਰ ਸਿੰਘ ਨਾਮਧਾਰੀ, ਕੁਲਦੀਪ ਸਿੰਘ ਪੰਚ, ਜਸਵੀਰ ਸਿੰਘ ਪੰਚ, ਸਰਬਜੀਤ ਸਿੰਘ ਪੰਚ, ਅਵਤਾਰ ਸਿੰਘ, ਬਖਤੌਰ ਸਿੰਘ, ਹਾਕਮ ਸਿੰਘ, ਮਿੰਦਰ ਸਿੰਘ, ਸਾਬਕਾ ਪੰਚ ਸੁਰਜੀਤ ਸਿੰਘ, ਸਾਬਕਾ ਪੰਚ ਰਣਜੀਤ ਸਿੰਘ, ਸਾਬਕਾ ਪੰਚ ਜਰਨੈਲ ਸਿੰਘ, ਰਣਬੀਰ ਸਿੰਘ, ਤੇਜਾ ਸਿੰਘ, ਜਗਰੂਪ ਸਿੰਘ, ਚੇਤੰਨ ਸਿੰਘ, ਸਾਬਕਾ ਪੰਚ ਜੀਤ ਸਿੰਘ ਮਾਸਟਰ ਸਿੰਗਾਰਾ ਸਿੰਘ, ਮਨਜੀਤ ਸਿੰਘ ਨੰਬਰਦਾਰ, ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਟਹਿਲ ਸਿੰਘ ਲਹਿਲ, ਸਾਬਕਾ ਪੰਚ ਹਰਪਾਲ ਸਿੰਘ ਧੌਲ ਖੁਰਦ ਆਦਿ ਹਾਜ਼ਰ ਸਨ।

ਦੀਵਾਲੀ ਤੋਂ ਪਹਿਲਾਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰੇ ਸਰਕਾਰ- ਪੈਰਾ ਮੈਡੀਕਲ ਯੂਨੀਅਨ

ਮਲੌਦ, 19 ਅਕਤੂਬਰ (ਸਹਾਰਨ ਮਾਜਰਾ)- ਸਿਹਤ ਵਿਭਾਗ ਦੀ ਪ੍ਰਮੁੱਖ ਜਥੇਬੰਦੀ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ, ਮਲਟੀਪਰਪਜ਼ ਹੈਲਥ ਇੰਪਲਾਈਜ਼ (ਮੇਲ, ਫੀਮੇਲ) ਯੂਨੀਅਨ ਪੰਜਾਬ, ਏ. ਐਮ. ਓ ਯੂਨੀਅਨ ਪੰਜਾਬ, ਏ. ਐਨ. ਐਮਜ਼, ਐਲ. ਐਚ. ਵੀ ਯੂਨੀਅਨ ਪੰਜਾਬ ਦੇ ਆਗੂਆਂ ਗੁਰਪ੍ਰੀਤ ਸਿੰਘ ਮੰਗਵਾਲ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜਿਲਕਾ, ਕਨਵੀਨਰ ਮਨਜੀਤ ਕੌਰ ਬਾਜਵਾ, ਹਰਵਿੰਦਰ ਸਿੰਘ ਛੀਨਾ, ਪ੍ਰਧਾਨ ਗੁਰਦੇਵ ਸਿੰਘ ਢਿੱਲੋਂ, ਵਿਰਸਾ ਸਿੰਘ ਪੰਨੂੰ, ਸੁਸ਼ਮਾ ਅਰੋੜਾ, ਜਸਬੀਰ ਕੌਰ ਮੂਨਕ, ਜਥੇਬੰਦੀ ਦੇ ਸੂਬਾਈ ਆਗੂ ਨਰਿੰਦਰ ਸ਼ਰਮਾ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਸੁਖਜੀਤ ਸੇਖੋਂ, ਅਵਤਾਰ ਗੰਢੂਆਂ, ਬਲਜਿੰਦਰ ਬਰਨਾਲਾ, ਹਰਜੀਤ ਪਹੁਵਿੰਡ, ਸਰਬਜੀਤ ਸਿੰਘ ਤਰਨਤਾਰਨ, ਜ਼ਿਲ੍ਹਾ ਲੁਧਿਆਣਾ ਦੇ ਆਗੂ ਜਸਵਿੰਦਰ ਸਿੰਘ ਪੰਧੇਰ ਖੇੜੀ, ਪਰਮਿੰਦਰ ਸਿੰਘ, ਮਨਦੀਪ ਸਿੰਘ ਮਲੌਦ, ਸਵਰਨ ਸਿੰਘ ਹਠੂਰ, ਬਲਦੇਵ ਸਿੰਘ ਸਿਧਵਾਂ ਬੇਟ, ਜਸਵੀਰ ਸਿੰਘ ਮਾਛੀਵਾੜਾ, ਨਿਗਾਹੀ ਰਾਮ ਮਲੇਰਕੋਟਲਾ, ਦਲਜੀਤ ਢਿੱਲੋਂ, ਸੋਨੀ ਲੁਧਿਆਣਾ, ਬਿਰਮ ਗੁਰਦਾਸਪੁਰ, ਮੈਡਮ ਕਵਿਤਾ ਗੁਰਦਾਸਪੁਰ, ਰਣਜੀਤ ਕੌਰ ਪਟਿਆਲਾ, ਸਰਬਜੀਤ ਕੌਰ